


# ਛੱਲੇ ਬਾਰੇ ਇੱਕ ਵਿਚਾਰ ਇਹ ਵੀ ... !

## *ਕੌਣ ਸੀ ਛੱਲਾ? ਕੀ ਕਹਾਣੀ ਸੀ ਛੱਲੇ ਦੀ?*



ਗੁਰਦਾਸ ਮਾਨ ਤੇ ਛੱਲਾ ਜਿਸ ਨੂੰ ਤਕਰੀਬਨ-ਤਕਰੀਬਨ ਸਾਰੇ ਕਲਾਕਾਰਾਂ ਨੇ ਗਇਆ ਹੈ। ਉਸ ਛੱਲੇ ਦੀ ਦੁੱਖ ਭਰੀ ਦਾਸਤਾਨ ਸ਼ਾਇਦ ਤੁਸੀਂ ਨਾ ਸੁਣੀ ਹੋਵੇ। ਪੰਜਾਬੀਆਂ ਦੀ ਛੱਲੇ ਨਾਲ ਦਿਲੀਂ ਸਾਂਝ ਹੈ ਸ਼ਾਇਦ ਹੀ ਕੋਈ ਅਜਿਹਾ ਪੰਜਾਬੀ ਹੋਵੇ ਜਿਸਨੇ ਆਪਣੀ ਜ਼ਿੰਦਗੀ (ਲਾਈਫ) 'ਚ ਕਦੇ ਛੱਲਾ ਨਾ ਗੁਣਗੁਨਾਇਆ ਹੋਵੇ। ਪਰ ਬਹੁਤ ਘੱਟ ਲੋਕ ਹੋਣਗੇ ਜਿਨ੍ਹਾਂ ਨੂੰ ਛੱਲੇ ਦੇ ਪਿਛੋਕੜ ਬਾਰੇ ਪਤਾ ਹੋਵੇਗਾ। ਕੌਣ ਸੀ ਇਹ ਛੱਲਾ? ਕੀ ਕਹਾਣੀ ਸੀ ਛੱਲੇ ਦੀ?

"ਛੱਲਾ" ਇਕ ਪਿਓ ਪੁੱਤ ਦੀ ਦਾਸਤਾਨ ਹੈ। ਜੱਲਾ ਨਾਂ ਦਾ ਇੱਕ ਮਲਾਹ ਹਰੀਕੇ ਪੱਤਣ ਦਾ ਰਹਿਣ ਵਾਲਾ ਸੀ ਜਿਸ ਨੂੰ ਰੱਬ ਨੇ ਇੱਕ ਪੁੱਤਰ ਨਾਲ ਨਿਵਾਜਿਆ ਸੀ। ਜੱਲੇ ਮਲਾਹ ਨੇ ਉਸਦਾ ਨਾਮ ਛੱਲਾ ਰੱਖਿਆ ਸੀ। ਇੱਕੋ ਇੱਕ ਪੁੱਤਰ ਹੋਣ ਕਰਕੇ ਜੱਲੇ ਨੇ ਉਸਨੂੰ ਬੜੇ ਲਾਡਾਂ ਨਾਲ ਪਾਲਿਆ। ਜਦ ਛੱਲਾ ਛੋਟਾ ਸੀ ਤਾਂ ਉਸਦੀ ਮਾਂ ਮਰ ਗਈ। ਜੱਲਾ ਮਲਾਹ ਉਸ ਨੂੰ ਆਪਣੇ ਨਾਲ ਕੰਮ ਤੇ ਲੈ ਜਾਂਦਾ। ਇੱਕ ਦਿਨ ਛੱਲੇ ਨੂੰ ਨਾਲ ਲੈ ਕੇ ਜਦ ਜੱਲਾ ਮਲਾਹ ਕੰਮ ਤੇ ਗਿਆ ਤਾਂ ਜੱਲੇ ਮਲਾਹ ਦੀ ਸਿਹਤ ਖਰਾਬ ਹੋ ਗਈ ਅਤੇ ਉਸਨੇ ਸਵਾਰੀਆਂ ਨੂੰ ਬੇੜੀ (ਬੇੜੀ) 'ਚ ਬਿਠਾ ਕੇ ਦੂਸਰੀ ਪਾਰ ਲਿਜਾਣ ਤੋਂ ਇਨਕਾਰ ਕਰ ਦਿੱਤਾ। ਸਵਾਰੀਆਂ ਕਹਿਣ ਲੱਗੀਆਂ ਕੇ ਆਪਣੇ ਪੁੱਤ ਨੂੰ ਕਹਿ ਦੇ ਉਹ ਸਾਨੂੰ ਦੂਸਰੇ ਪਾਸੇ ਛੱਡ ਆਵੇਗਾ। ਪਹਿਲਾਂ ਤਾਂ ਜੱਲਾ ਮੰਨਿਆ ਨਹੀਂ ਪਰ ਸਾਰਿਆਂ ਦੇ ਜ਼ੋਰ ਪਾਉਣ ਤੇ ਜੱਲੇ ਮਲਾਹ ਨੇ ਛੱਲੇ ਨੂੰ ਬੇੜੀ ਲਿਜਾਣ ਲਈ ਕਹਿ ਦਿੱਤਾ। ਸਾਰੇ ਬੇੜੀ 'ਚ ਸਵਾਰ ਹੋ ਕੇ ਦਰਿਆ 'ਚ ਚਲੇ ਗਏ। ਛੱਲਾ ਚਲਾ ਤਾਂ ਗਿਆ ਲੇਕਿਨ ਕਦੇ ਵਾਪਿਸ ਨਹੀਂ ਮੁੜਿਆ। ਸਤਲੁਜ ਤੇ ਬਿਆਸ 'ਚ ਪਾਣੀ ਬਹੁਤ ਚੜ੍ਹ ਗਿਆ। ਸਾਰਿਆਂ ਨੂੰ ਰੋੜ ਕੇ ਆਪਣੇ ਨਾਲ ਲੈ ਗਿਆ। ਜੱਲੇ ਮਲਾਹ ਨੂੰ ਉਡੀਕਦੇ-ਉਡੀਕਦੇ ਨੂੰ ਦਿਨ ਢਲ ਗਿਆ। ਪਿੰਡ ਵਾਲੇ ਵੀ ਆ ਗਏ ਅਤੇ ਛੱਲੇ ਨੂੰ ਲੱਭਣ ਲੱਗ ਗਏ। ਕਈ ਦਿਨਾਂ ਤੱਕ ਲੱਭਦੇ ਰਹੇ ਪਰ ਛੱਲਾ ਨਾ ਮਿਲਿਆ। ਪੁੱਤ ਦੇ ਵਿਛੋੜੇ ਵਿਚ ਜੱਲਾ ਮਲਾਹ ਪਾਗਲ ਹੋ ਗਿਆ। ਓਹ ਨਦੀ ਕਿਨਾਰੇ ਗਾਉਂਦਾ ਫਿਰਦਾ ਰਹਿਦਾ।

**ਛੱਲਾ ਮੁੜਕੇ ਨਹੀਂ ਆਇਆ,**
**ਰੋਣਾ ਉਮਰਾਂ ਦਾ ਪਾਇਆ,**
**ਮੱਲਿਆ ਮੁਲਕ (ਦੇਸ਼) ਪਰਾਇਆ।**

ਜਦ ਜੱਲੇ ਮਲਾਹ ਨੂੰ ਛੱਲੇ ਦੀ ਮਾਂ ਚੇਤੇ ਆਉਂਦੀ ਤਾਂ ਉਹ ਸੋਚਦਾ ਕਿ ਕਾਸ਼ ਉਹ ਜਿਉਂਦੀ ਹੁੰਦੀ ਤਾਂ ਮੈਂ ਆਪਣੇ ਛੱਲੇ ਨੂੰ ਨਾਲ ਨਹੀਂ ਸੀ ਲੈ ਕੇ ਆਉਣਾ ਅਤੇ ਮੇਰਾ ਪੁੱਤ ਅੱਜ ਜਿੰਦਾ ਹੋਣਾ ਸੀ ਤੇ ਉਹ ਰੋਂਦਾ-ਰੋਂਦਾ ਗਾਉਣ ਲੱਗ ਜਾਂਦਾ।

**ਗੱਲ ਸੁਣ ਛੱਲਿਆ ਕਾਵਾਂ,**
**ਮਾਵਾਂ ਠੰਡੀਆਂ ਛਾਵਾਂ।**

ਜੱਲਾ ਪਾਣੀ 'ਚ ਹੱਥ ਮਾਰਦਾ ਤੇ ਲੋਕ ਪੁੱਛਦੇ ਕਿ ਜੱਲਿਆ ਕੀ ਲੱਭਦਾ ਏਂ? ਤਾਂ ਜੱਲਾ ਕਹਿਦਾ।

**ਛੱਲਾ ਨੌਂ-ਨੌਂ ਖੇਵੇ,**
**ਪੁੱਤਰ ਮਿੱਠੜੇ ਮੇਵੇ,**
**ਅੱਲਾ (ਪਰਮੇਸ਼ਰ ਨੇ) ਸਭ ਨੂੰ ਦੇਵੇ।**

ਰਾਤ ਹੋ ਜਾਂਦੀ ਤਾਂ ਲੋਕ ਕਹਿਦੇ ਜੱਲਿਆ ਘਰ ਨੂੰ ਚਲਾ ਜਾ ਤਾ ਜੱਲਾ ਕਹਿਦਾ ਹੈ।

**ਛੱਲਾ ਬੇੜੀ ਦਾ ਪੂਰ ਏ,**
**ਵਤਨ ਮਾਹੀਏ ਦਾ ਦੂਰ ਏ,**
**ਜਾਣਾ ਪਹਿਲੇ ਪੂਰ ਏ।**

'ਇਸ ਤਰਾਂ ਜੱਲਾ ਮਲਾਹ ਆਪਣੇ ਪੁੱਤ ਦੀ ਯਾਦ 'ਚ ਆਪਣੀ ਜਿੰਦਗੀ ਗੁਜ਼ਾਰਦਾ ਰਿਹਾ। ਫਿਰ ਉਹ ਹਰੀਕੇ ਤੋਂ ਗੁਜਰਾਤ (ਪਾਕਿਸਤਾਨ) ਚਲਾ ਗਿਆ। ਆਪਣੀ ਜ਼ਿੰਦਗੀ ਦੇ ਕੁੱਝ ਸਾਲ ਜੱਲੇ ਨੇ ਗੁਜਰਾਤ 'ਚ ਬਿਤਾਉਣ ਤੋਂ ਬਾਅਦ ਉਸਦੀ ਮੌਤ ਹੋ ਗਈ। ਅੱਜ ਵੀ ਗੁਜਰਾਤ (ਪਾਕਿਸਤਾਨ) 'ਚ ਉਸਦੀ ਸਮਾਧੀ ਬਣੀ ਹੋਈ ਹੈ।

**ਫੇਸਬੁੱਕ ਤੋਂ ਧੰਨਵਾਦ ਸਹਿਤ**

# ਕਹਿੰਦੇ ਉਹ ਪੰਜਾਬ ਵਿੱਚ ਅਮਨ ਅਮਾਨ ਏ

ਕਹਿੰਦੇ ਉਹ ਪੰਜਾਬ ਵਿੱਚ ਅਮਨ ਅਮਾਨ ਏ
ਜਿਧਰ ਨੂੰ ਦੇਖੋ ਯਾਰੋ ਪੈਂਦਾਂ ਘਮਸਾਨ ਏ
ਪੰਥ ਪ੍ਰਚਾਰਕਾ ਤੇ ਬਣੀ ਹੋਈ ਭਾਰੀ ਆ
ਇੱਕ ਹਟੇ ਰੌਲਾ ਸ਼ੁਰੂ ਦੂਜੇ ਦੀ ਤਿਆਰੀ ਆ
ਸੱਚ ਬੋਲਦੀ ਜੋ ਬੰਦ ਕਰਦੇ ਜ਼ੁਬਾਨ ਏ
ਕਹਿੰਦੇ ਉਹ ਪੰਜਾਬ ਵਿੱਚ ਅਮਨ ਅਮਾਨ ਏ

ਕਹਿੰਦੇ ਉਹ ਪੰਜਾਬ ਵਿੱਚ ਅਮਨ ਅਮਾਨ ਏ
ਸਰੇਆਮ ਲੁੱਟ ਹੋਵੇ ਪੂਰੀ ਗੁੰਡਾ ਗਰਦੀ
ਪੁਲਸੀਆ ਦੀ ਵੀ ਗੋਲੀ ਚੀਰ ਗਈ ਵਰਦੀ
ਏਥੇ ਕਿਵੇਂ ਬਚੂ ਜਿਹੜਾ ਆਮ ਇਨਸਾਨ ਏ
ਕਹਿੰਦੇ ਉਹ ਪੰਜਾਬ ਵਿੱਚ ਅਮਨ ਅਮਾਨ ਏ

ਹੱਕ ਮੰਗਣ ਲਈ ਜੇ ਕੋਈ ਧਰਨੇ ਲਗਾਉਂਦੇ ਨੇ
ਹੱਕ ਦੇਣ ਵਾਲੇ ਉੱਤੋਂ ਡਾਂਗਾਂ ਵਰਸਾਉਂਦੇ ਨੇ
ਪਾਣੀ ਵਾਲੀਆ ਤੋਪਾ ਨਾਲ ਕਰਾਉਂਦੇ ਇਸ਼ਨਾਨ ਏ
ਕਹਿੰਦੇ ਉਹ ਪੰਜਾਬ ਵਿੱਚ ਅਮਨ ਅਮਾਨ ਏ

ਨਕਲੀ ਦਵਾਈਆ ਜਦੋਂ ਫਸਲਾਂ ਨੂੰ ਖਾ ਗਈਆ
ਵਧਿਆ ਨਾ ਭਾਅ ਵਿਆਜ ਬੈਂਕਾਂ ਵਧਾ ਗਈਆ
ਕਰਜ਼ੇ ਤੋਂ ਦੁਖੀ ਜ਼ਹਿਰ ਖਾਂਦਾ ਕਿਸਾਨ ਏ
ਕਹਿੰਦੇ ਉਹ ਪੰਜਾਬ ਵਿੱਚ ਅਮਨ ਅਮਾਨ ਏ

ਨਸ਼ਾ ਗੁੱਝਾ ਕਾਤਿਲ ਕਤਲ ਕਰੀ ਜਾਂਦਾ ਹੈ
ਫਨਾਹ ਆਉਣ ਵਾਲੀ ਨਸਲ ਕਰੀ ਜਾਂਦਾ ਹੈ
ਕੌਡੀਆਂ ਤੇ ਖੋਟਾ ਹੋ ਰਿਹਾ ਨੌਜੁਆਨ ਏ
ਕਹਿੰਦੇ ਉਹ ਪੰਜਾਬ ਵਿੱਚ ਅਮਨ ਅਮਾਨ ਏ

ਚਾਰ ਸੀਟਾਂ ਲਈ ਭੀੜ ਹੁੰਦੀ ਚਾਰ ਲੱਖ ਦੀ
ਬੇਰੁਜ਼ਗਾਰੀ ਵੀ ਬਿਮਾਰੀ ਬਣੀ ਲੋਕ ਦੀ
ਬੜਾ ਔਖਾ ਕੰਮ ਰੋਟੀ ਕੱਪੜਾ ਮਕਾਨ ਏ
ਕਹਿੰਦੇ ਉਹ ਪੰਜਾਬ ਵਿੱਚ ਅਮਨ ਅਮਾਨ ਏ

ਬੇ ਅਦਬੀ ਤੇ ਇਥੇ ਬੱਸ ਕਾਂਡ ਹੋਏ ਨੇ
ਸਟੇਸ਼ਨ ਤੇ ਸਰੇਆਮ ਗੋਲੀ ਕਾਂਡ ਹੋਏ ਨੇ
ਭੁੱਲੀ ਬੈਠਾ ਸਾਰੇ ਕੀ ਪੰਜਾਬੀ ਇਨਸਾਨ ਏ
ਕਹਿੰਦੇ ਉਹ ਪੰਜਾਬ ਵਿੱਚ ਅਮਨ ਅਮਾਨ ਏ

ਝੂਠ ਚਲਾਕੀਆ ਤੇ ਚਾਲਾਂ ਜਿਹੜੇ ਜਾਣਦੇ
ਰਾਜ ਗੱਦੀਆਂ ਦਾ ਸੁੱਖ ਉਹੀ ਲੋਕ ਮਾਣਦੇ
ਛੱਡ 'ਪੁੜੈਣ' ਰੱਖ ਆਪਣਾ ਧਿਆਨ ਵੇ
ਕਹਿੰਦੇ ਉਹ ਪੰਜਾਬ ਵਿੱਚ ਅਮਨ ਅਮਾਨ ਏ

**ਜਸਵੀਰ ਪੁੜੈਣ**
ਮੋ. 98147-50151

*****

# ਕਿਥੇ ਗਿਆ ਸਾਡਾ ਵਿਰਸਾ ਵੇ ਲੋਕੋ ...?




ਹਾਏ ਓਏ ਮੇਰਿਆ ਰੱਬਾ ! ਸਾਥੋਂ ਸਾਡਾ ਵਿਰਸਾ ਖੋਹ ਲਿਆ ਸਾਡੇ ਨਵੇਂ ਜ਼ਮਾਨੇ ਦੀਆਂ ਰੀਸਾਂ ਨੇ ਅਤੇ ਸਾਥੋਂ ਵਿਛੜ ਗਿਆ ਸਾਡਾ ਪਿਛੋਕੜ। ਬੇਸ਼ਕ ਨਵੇਂ ਜ਼ਮਾਨੇ ਨੇ ਸਾਨੂੰ ਕੁਝ ਵਧੀਆ ਪਨ ਵੀ ਦਿੱਤਾ ਪਰ ਅਸੀਂ ਆਪਣਾ ਓਹ ਪਿਆਰ ਵੀ ਗੁਆ ਲਿਆ ਹੈ। ਜਿਸ ਬਦਲੇ ਅੱਜ ਭਰਾਵਾਂ ਭਰਾਵਾਂ 'ਚ ਪਿਆਰ ਨਹੀ ਨਫਰਤ ਪੈਦਾ ਹੋ ਗਈ। ਭਲਾ ਕੀ ਖੱਟਿਆ ਨਵੇਂ ਪਨ 'ਚੋਂ।

ਸਾਡਾ ਸਭਿਆਚਾਰ ਸਾਥੋਂ ਹੋਲੀ ਹੋਲੀ ਅਲੋਪ ਹੁੰਦਾ ਜਾ ਰਿਹਾ ਹੈ। ਅੱਗੇ ਵਿਆਹਾਂ ਸ਼ਾਦੀਆਂ 'ਚ, ਪਿੰਡਾਂ ਦੀਆਂ ਔਰਤਾਂ ਵਲੋਂ ਮਿਲ ਕੇ ਰੋਟੀ ਬਣਾਉਣਾ, ਬੰਦਿਆਂ ਨੇ ਰਲ ਕੇ ਸਬਜੀਆਂ ਕੱਟਣੀਆਂ ਤੇ ਖਾਸ ਕਰਕੇ ਇਕੱਠਿਆ ਬੈਠ ਕੇ ਲੱਡੂ ਵਟਣ ਵਰਗੇ ਪਿਆਰੇ ਪਿਆਰੇ ਰਿਵਾਜ਼ ਹੁੰਦੇ ਸਨ ਪਰ ਹੁਣ ਆਪਸੀ ਸਾਂਝ ਘੱਟ ਜਾਣ ਨਾਲ ਇਹ ਪਿਆਰੇ ਪਿਆਰੇ ਤੇ ਹਾਸੇ ਠਠੇ ਵਾਲੇ ਰਿਵਾਜ਼ ਸਾਥੋਂ ਸਿਰਫ ਦੂਰ ਹੀ ਨਹੀਂ ਹੋ ਰਹੇ ਸਗੋਂ ਸਾਡੇ ਆਪਣੇ ਭਾਈਚਾਰੇ ਤੋਂ ਸਾਨੂੰ ਦੂਰ ਵੀ ਕਰ ਰਹੇ ਹਨ ਅਗੇ ਸਾਰੇ ਦੂਰ ਨੇੜੇ ਦੇ ਘਰਾਂ 'ਚ ਲੱਡੂ ਵੱਟਣ ਦਾ ਨਿਉਂਦਾ ਦਿਤਾ ਜਾਂਦਾ ਸੀ ਤੇ ਸਭ ਮਿਲਕੇ ਨਾਲੇ ਗੱਪਾਂ ਮਾਰਦੇ ਸਨ ਤੇ ਨਾਲੇ ਲੱਡੂ ਵੱਟੇ ਜਾਂਦੇ ਸਨ। ਜਿਸ ਕਰਕੇ ਲੋਕਾਂ 'ਚ ਆਪਸੀ ਪਿਆਰ ਬਰਕਰਾਰ ਸੀ ਪਰ ਅਫਸੋਸ ਕਿ ਅਸੀਂ ਅੱਜ ਆਪਣੇ ਵਿਰਸੇ ਤੋਂ ਦਿਨੋਂ ਦਿਨ ਦੂਰ ਜਾ ਰਹੇ ਹਾਂ। ਇਹ ਗਲ ਜ਼ਰੂਰ ਹੈ ਕਿ ਅਸੀਂ ਮਨਾਂ 'ਚ ਕੜਵਾਹਟ ਲੈ ਕੇ ਆਪਣੇ ਆਪ 'ਚ ਬੁਹਤ ਵੱਡੇ ਬਣ ਗਏ ਹਾਂ। ਪਰ ਆਪਣੇ ਸਭਿਆਚਾਰ ਦੇ ਹੱਥੋਂ ਬੁਹਤ ਹੀ ਗਰੀਬ ਰਹਿ ਗਏ ਹਾਂ।

**ਡਾ. ਮਨਜੀਤ ਸਿਘ ਸਰਾਂ**

# ਤੰਦੂਰ ਇਕ ਰੋਟੀ ਲਾਉਣ ਵਾਲਾ ਸਾਧਨ ਹੀ ਨਹੀਂ ਸਗੋਂ ਆਪਸੀ ਭਾਈਚਾਰੇ ਦਾ ਪ੍ਰਤੀਕ ਵੀ ਹੁੰਦਾ ਸੀ !



ਅੱਜ ਦੀ ਨਵੀਂ ਪੀੜ੍ਹੀ ਲਈ 'ਤੰਦੂਰ' ਇਕ ਸ਼ਬਦ ਜਿਹਾ ਬਣ ਕੇ ਰਹਿ ਗਿਆ ਹੈ। ਗੁਰਦਾਸ ਮਾਨ ਸਾਹਿਬ ਗੀਤ ਵਾਂਗ ਹੁਣ ਨਾਂ ਤਾਂ ਤੰਦੂਰ ਰਹਿਗੇ ਹਨ ਅਤੇ ਨਾਂ ਹੀ ਤੰਦੂਰ ਬਾਲਣ ਵਾਲੀਆਂ ਰਹਿ ਗਈਆਂ ਹਨ। ਜਦੋਂ ਤੰਦੂਰਾਂ ਦਾ ਜ਼ਮਾਨਾ ਹੁੰਦਾ ਸੀ ਤਾਂ ਆਪਣੀ ਗਲੀ -ਮੁਹੱਲੇ ਦੀਆਂ ਔਰਤਾਂ ਸਾਰੇ ਘਰਾਂ 'ਚ ਤੰਦੂਰ ਬਾਲਣ ਦੀ ਥਾਂ ਇਕ ਹੀ ਤੰਦੂਰ ਬਾਲਦੀਆਂ ਸਨ। ਕਿਓਂਕਿ ਇਸ ਨਾਲ ਜਿਥੇ ਬਾਲਣ ਦੀ ਬਚਤ ਹੁੰਦੀ ਸੀ, ਉਥੇ ਆਪਸੀ ਭਾਈਚਾਰੇ 'ਚ ਵਾਧਾ ਹੁੰਦਾ ਸੀ। ਕੁਝ ਸਿਆਣੇ ਬਜ਼ੁਰਗਾਂ ਦਾ ਮੰਨਣਾ ਸੀ ਕਿ ਤੰਦੂਰ ਦੀ ਰੋਟੀ ਜਿਥੇ ਸਵਾਦ ਹੁੰਦੀ ਸੀ, ਉਥੇ ਉਸ ਵਿਚ ਬਰਕਤ ਹੁੰਦੀ ਸੀ ਕਿਓਂ ਕਿ ਇਹ ਰੋਟੀਆਂ ਸਾਰੀਆਂ ਔਰਤਾਂ ਰਲ ਮਿਲਕੇ ਬਣਾਉਂਦੀਆਂ ਸਨ। ਤੰਦੂਰ ਤੇ ਨਾਂ ਵਡੇ-ਛੋਟੇ ਅਤੇ ਨਾਂ ਅਮੀਰ ਗਰੀਬ ਦਾ ਸਵਾਲ ਹੁੰਦਾ ਸੀ ਤੇ ਸਬ ਰਲ ਮਿਲ ਕੇ ਇਕ ਦੂਜੇ ਦੀ ਮਦਦ ਕਰਦਿਆਂ ਪਲਾਂ 'ਚ ਰੋਟੀਆਂ ਬਣਾ ਲਈਆਂ ਜਾਂਦੀਆਂ ਸਨ। ਜਿਸ ਕਰਕੇ ਲੋਕਾਂ 'ਚ ਆਪਸੀ ਭਾਈਚਾਰੇ ਇਕ ਸਾਂਝ ਬਣੀ ਰਹਿਦੀ ਸੀ ਅਤੇ ਹੁਣ ਨਾਂ ਹੀ ਓਹ ਸਾਂਝੇ ਤੰਦੂਰ ਰਹੇ ਹਨ ਤੇ ਨਾਂ ਹੀ ਓਹ ਆਪਸੀ ਭਾਈਚਾਰੇ ਵਾਲੀ ਸਾਂਝ ਰਹੀ। ਬੁਹਤਿਆਂ ਲੋਕਾਂ ਦਾ ਤਾਂ ਆਖਣਾ ਹੈ ਕਿ ਅੱਜ ਦੀਆਂ ਨਵੀਆਂ ਕੁੜੀਆਂ ਨੂੰ ਰੋਟੀਆਂ ਲਾਉਣੀਆਂ ਤਾਂ ਇਕ ਪਾਸੇ, ਓਨਾਂ ਨੂੰ ਤੰਦੂਰ ਤੱਕ ਯਾਦ ਨਹੀਂ ਹੈ ਅਤੇ ਇਸੇ ਕਰਕੇ ਹੁਣ ਤੰਦੂਰਾਂ-ਚੁਲ੍ਹਿਆਂ ਦੀ ਥਾਂ, ਗੈਸ ਚੁਲਿਆਂ ਨੇ ਲੈ ਲਈ ਹੈ। ਤੰਦੂਰਾਂ ਤੇ ਰੋਟੀਆਂ ਲਾਉਂਦਿਆਂ ਔਰਤਾਂ ਆਪਣੇ ਦੁਖ ਸੁਖ ਸਾਂਝੇ ਕਰ ਲੈਂਦੀਆਂ ਸਨ ਪਰ ਅੱਜ !

**ਡਾ. ਮਨਜੀਤ ਸਿਘ ਸਰਾਂ**